(1) Section-C

DATE / / PAGE
NOTEBOOK

Ans: (2)

## ਪੰਜਾਬੀ ਸਭਿਆਚਾਰ ਦਾ ਇਤਿਹਾਸਕ ਸਰਵੇਖਣ

ਮਨੁੱਖੀ ਸਮਾਜ ਅੰਦਰ ਵਾਪਰਨ ਵਾਲੀਆਂ ਸਰਬ ਪੱਖੀ ਘਟਨਾਵਾਂ ਦਾ ਕਾਲ-ਕ੍ਰਮਕ ਵਿਸ਼ਲੇਸ਼ਣ ਇਤਿਹਾਸ ਕਹਾਉਂਦਾ ਹੈ। ਇਤਿਹਾਸ ਹੀ ਕਿਸੇ ਵੀ ਸਮਾਜ ਵਿਚ ਵਿਕਾਸ ਅਤੇ ਵਿਨਾਸ਼ ਤੋਂ ਪਿਛਲੀਆਂ ਪਰਿਵਰਤਨਕਾਰੀ ਸ਼ਕਤੀਆਂ ਦਾ ਉਲੇਖ ਹੀ ਹੁੰਦਾ ਹੈ। ਕਿਸੇ ਦੇਸ਼ ਦੀ ਬੀਤੀ ਸਭਿਅਤਾ, ਸਭਿਆਚਾਰ, ਰਾਜਸੀ ਅਤੇ ਆਰਥਿਕ ਅਵਸਥਾ ਨੂੰ ਪ੍ਰਗਟ ਕਰਨ ਲਈ ਉਸ ਦੇਸ਼ ਦਾ ਇਤਿਹਾਸ ਬਹੁਤ ਸਹਾਈ ਹੁੰਦਾ ਹੈ। ਇਤਿਹਾਸ ਬੀਤੇ ਸਮੇਂ ਦੇ ਹਾਲਾਤ ਦਾ ਸੰਪੂਰਨ ਵਿਆਖਿਆ ਹੁੰਦਾ ਹੈ। ਇਸੇ ਇਤਿਹਾਸਕਾਰ ਨੇ ਕੇਵਲ ਰਾਜਨੀਤਕ ਉੱਥਲ-ਪੁੱਥਲ ਨੂੰ ਹੀ ਬਿਆਨ ਨਹੀਂ ਕਰਨਾ ਹੁੰਦਾ, ਸਗੋਂ ਉਸ ਸਮੇਂ ਦੇ ਸਮੁੱਚ ਲਿਖਣਾ ਹੁੰਦਾ ਹੈ। ਉਪਰੋਕਤ ਸੰਦਰਭ ਵਿਚ ਪੰਜਾਬੀ ਸਮਾਜ ਦੇ ਇਤਿਹਾਸ ਦੇ ਕੇਵਲ ਉਹਨਾਂ ਪੱਖਾਂ ਦੀ ਹੀ ਸੰਖੇਪ ਚਰਚਾ ਕੀਤੀ ਜਾਵੇਗੀ ਜਿਨ੍ਹਾਂ ਨੇ ਇਤਿਹਾਸਕ ਪ੍ਰਕਿਰਿਆ ਦੌਰਾਨ ਪੰਜਾਬੀ ਸਭਿਆਚਾਰ ਦੇ ਵਿਕਾਸ ਤੇ ਵਿਸਤਾਰ ਵਿਚ ਕਿਸੇ ਤਰ੍ਹਾਂ ਦਾ ਯੋਗਦਾਨ ਪਾਇਆ।

ਸ਼ੁਰੂ ਤੋਂ ਹੀ ਪੰਜਾਬ ਕਿਉਂਕਿ ਭਾਰਤ ਦਾ ਮੁੱਖ ਦੁਆਰ ਰਿਹਾ ਹੈ, ਇਸ ਲਈ ਇਸ ਨੂੰ ਅਣਗਿਣਤ ਹਮਲਾਵਰਾਂ ਨਾਲ ਦੋ ਚਾਰ ਹੋਣਾ ਪਿਆ ਹੈ। ਇਹੋ ਕਾਰਨ ਹੈ ਕਿ ਪੰਜਾਬੀਆਂ ਦੇ ਖ਼ੂਨ ਵਿਚ ਬਲ, ਸਾਹਸ ਤੇ ਸੰਘਰਸ਼ ਬਾਕੀ ਪ੍ਰਾਂਤਾਂ ਦੇ ਲੋਕਾਂ ਨਾਲੋਂ ਕੁਝ ਵਧੇਰੇ ਮਾਤਰਾ ਵਿਚ ਹੈ। ਭਾਰਤ ਦੀ ਵਿਸ਼ਾਲਤਾ ਤੇ ਸ਼ਾਨ ਦਾ ਰਾਖਾ ਹੋਣ ਕਾਰਨ ਪੰਜਾਬ ਨੂੰ ਭਾਰਤ ਦੀ 'ਖੜਗ-ਭੁਜਾ' ਅਖਵਾਉਣ ਦਾ ਵੀ ਮਾਣ ਪ੍ਰਾਪਤ ਹੈ।

ਪੰਜਾਬ ਦਾ ਵਰਤਮਾਨ ਇਤਿਹਾਸ ਆਰੀਆ ਕਾਲ ਤੋਂ ਸ਼ੁਰੂ ਹੁੰਦਾ ਹੈ। 'ਰਿਗਵੇਦ' ਸੰਸਾਰ ਦੀ ਸਭ ਤੋਂ ਪ੍ਰਾਚੀਨ ਪੁਸਤਕ ਹੈ ਜੋ ਸਭਿਅਤਾ ਦਾ ਉਦੈ ਮੰਨਿਆਂ ਜਾਂਦਾ ਹੈ। ਕੁਝ ਵਿਦਵਾਨ ਪੰਜਾਬ ਦੇ

Scanned with OKEN Scanner

(2)

DATE / / PAGE

NOTEBOOK

ਇਤਿਹਾਸਕ ਪਿਛੋਕੜ ਨੂੰ ਪੂਰਵ ਆਰੀਆਂ ਕਾਲ ਨਾਲ ਜੋੜਦੇ ਹਨ। ਪੰਜਾਬ ਦੇ ਪਹਾੜ ਖੇਤਾਂ ਦੀ ਖੁਦਾਈ ਤੋਂ ਜੋ ਗਿਆਨ ਮਿਲਿਆ ਹੈ, ਉਸ ਤੋਂ ਇਨ੍ਹਾਂ ਲੋਕਾਂ ਦੇ ਸੱਭਿਆਚਾਰਕ ਪੱਖਾਂ ਅਰਥਾਤ ਵਰਤ-ਵਿਹਾਰ, ਰਹਿਣ-ਸਹਿਣ, ਹਾਰ-ਸ਼ਿੰਗਾਰ, ਪਹਿਨ-ਪੋਸ਼ ਸਾਰਾ ਕੁਝ ਮਿਲਾ ਕੇ ਇਕ ਪੂਰੀ ਸੱਭਿਅਤਾ ਦੀ ਤਸਵੀਰ ਮਿਲਦੀ ਹੈ।

ਆਰੀਆ ਲੋਕ ਜਦੋਂ ਸਪਤ ਸਿੰਧੂ ਵਿਚ ਆਏ ਤਾਂ ਉਹਨਾਂ ਨੇ ਇੱਥੋਂ ਦੇ ਮੂਲ ਵਾਸੀਆਂ ਜਿਨ੍ਹਾਂ ਨੂੰ ਦਰਾਵੜ ਕਿਹਾ ਜਾਂਦਾ ਹੈ, ਨੂੰ ਜਾਂ ਤਾਂ ਨਸ਼ਟ ਕਰ ਦਿੱਤਾ ਜਾਂ ਫੇਰ ਆਪਣੇ ਗੁਲਾਮ ਜਾਂ ਦਾਸ ਬਣਾ ਲਿਆ। ਇਹਨਾਂ 'ਦਸਯੂ' ਲੋਕਾਂ ਲਈ ਆਰੀਆਂ ਲੋਕਾਂ ਨੇ ਕਾਲੀ ਚਮੜੀ ਵਾਲੇ, ਫੀਨੇ, ਅਧਰਮੀ, ਬਦਬੋਲੇ; ਲਿੰਗ ਦੇ ਪੁਜਾਰੀ, ਗੁਲਾਮ, ਲੁਟੇਰੇ ਆਦਿ ਸ਼ਬਦਾਂ ਦਾ ਪ੍ਰਯੋਗ ਕੀਤਾ ਹੈ। ਹੜੱਪਾ, ਮੋਹਿੰਜੋਦੜੋ ਅਤੇ ਰੋਪੜ ਆਦਿ ਸਥਾਨਾਂ ਉੱਤੇ ਹੋਈ ਖੁਦਾਈ ਤੋਂ ਇਹ ਅਨੁਮਾਨ ਲਗਾਇਆ ਜਾਂਦਾ ਹੈ ਕਿ ਈਸਾ ਤੋਂ ਢਾਈ ਹਜ਼ਾਰ ਵਰ੍ਹੇ ਪਹਿਲਾਂ ਜਦ ਭਾਰਤ ਦੇ ਬਾਕੀ ਹਿੱਸੇ ਦੇ ਲੋਕ ਅਤੇ ਯੂਰਪ ਦੇ ਸਾਰੇ ਦੇਸ਼ ਅੰਧਕਾਰ ਵਿਚ ਰਹਿੰਦੇ ਸਨ ਤਾਂ ਪੰਜਾਬੀ ਲੋਕ ਸ਼ਹਿਰਾਂ ਵਿਚ ਰਹਿੰਦੇ, ਪੱਕੀਆਂ ਇੱਟਾਂ ਦੇ ਬਣੇ ਮਕਾਨਾਂ ਵਿਚ ਵਸਦੇ, ਸ਼ਿਵ ਤੇ ਸ਼ਕਤੀ ਦੀ ਪੂਜਾ ਕਰਦੇ ਸਨ। ਇਹ ਵੀ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਰੁੱਖ ਪੂਜਾ, ਨਾਗ ਪੂਜਾ ਜਿਹੀਆਂ ਰਸਮਾਂ ਆਰੀਆਂ ਲੋਕਾਂ ਨੇ ਦਰਾਵੜਾਂ ਤੋਂ ਹੀ ਪ੍ਰਾਪਤ ਕੀਤੀਆਂ ਸਨ। ਇਸ ਤੋਂ ਪਿੱਛੋਂ ਦਰਾਵੜਾਂ ਦੇ ਕੁਝ ਦੇਵਤੇ ਵੀ ਵੈਦਿਕ ਆਰੀਆਂ ਜੀਵਨ ਨੇ ਅਪਣਾ ਲਏ ਹੋਏ ਸਨ।

ਪੰਜਾਬੀ ਜੀਵਨ ਅਤੇ ਸੱਭਿਆਚਾਰ ਦੇ ਸਭ ਤੋਂ ਪੁਰਾਣੇ ਲੱਗਭਗ ਆਰੀਆ ਜਾਤੀ ਦਾ ਹੈ। ਸੰਸਾਰ ਪ੍ਰਸਿੱਧ ਗ੍ਰੰਥ ਵੀ ਇਸੇ ਜਾਤੀ ਦੇ ਰਿਸ਼ੀਆਂ ਦੀ ਰਚਨਾ ਹੈ। ਇਸ ਵਿਚ ਸਿੰਧ, ਸਰਸਵਤੀ ਆਦਿ ਪ੍ਰਸਿੱਧ ਪੰਜਾਬ ਦੇ ਦਰਿਆਵਾਂ ਦਾ ਜ਼ਿਕਰ ਵਾਰ-ਵਾਰ ਆਇਆ ਹੈ। ਰੋਪੜ, ਕੁਰੂਕਸ਼ੇਤਰ, ਪਾਨੀਪਤ, ਹਿਸਾਰ, ਹਾਂਸੀ, ਜਲੰਧਰ, ਕਾਂਗੜਾ, ਸਿਆਲਕੋਟ

ਆਪਣੇ ਸਥਾਨ ਇਸੇ ਧਰਤੀ ਦੇ ਲੋਕਾਂ ਦੇ ਕਾਰਨਾਮਿਆਂ ਕਰਕੇ ਇਤਿਹਾਸਕ ਮਹੱਤਤਾ ਰੱਖਦੇ ਹਨ। ਮਹਾਭਾਰਤ ਦਾ ਯੁੱਧ ਕੁਰੂਕਸ਼ੇਤਰ ਵਿੱਚ ਹੋਇਆ ਸੀ। ਭੀਸਮ ਪਿਤਾਮਾ ਦੇ ਦੇਹਾਂਤ ਨਾਲ ਸੰਬੰਧਿਤ ਸੰਬੰਧਤ ਸਥਾਨ ਬਾਣ ਗੰਗਾ ਵੀ ਇੱਥੇ ਹੀ ਹੈ। ਕਟਾਸਰ ਦੇ ਸਥਾਨ ਤੇ ਭਗਵਾਨ ਕ੍ਰਿਸ਼ਨ ਨੇ ਅਰਜਨ ਨੂੰ ਕਰਮਯੋਗੀ ਬਣਨ ਦਾ ਉਪਦੇਸ਼ ਦਿੱਤਾ ਸੀ। ਪ੍ਰਾਚੀਨ ਸਮੇਂ ਦੀ ਸਭ ਤੋਂ ਪ੍ਰਸਿੱਧ ਅਤੇ ਪਹਿਲੀ ਦੀ ਅਸਲ ਪਿਆਰੀ ਵੀ ਪੰਜਾਬ ਦੀ ਧਰਤੀ ਉੱਤੇ ਹੀ ਰਚੀ ਗਈ।

ਸੰਨ 326 ਪੂਰਵ ਈਸਵੀ ਵਿੱਚ ਬਾਦਸ਼ਾਹ ਸਿਕੰਦਰ ਨੇ ਭਾਰਤ ਉੱਤੇ ਹਮਲਾ ਕੀਤਾ, ਉਸ ਸਮੇਂ ਪੰਜਾਬ ਛੋਟੇ ਛੋਟੇ ਰਾਜ-ਪਾਟਾਂ ਵਿੱਚ ਵੰਡਿਆ ਹੋਇਆ ਸੀ। ਇਸ ਦੇ ਬਾਦਸ਼ਾਹ ਸੀ 'ਪੋਰਸ' ਦੇਸ਼ ਦੇ ਰਾਜੇ ਪੋਰਸ ਦੀ ਅਗਵਾਈ ਵਿੱਚ ਪੰਜਾਬੀਆਂ ਨੇ ਸਿਕੰਦਰ ਦਾ ਟਾਕਰਾ ਬੜੀ ਬਹਾਦਰੀ ਨਾਲ ਕੀਤਾ ਕਿ ਉਸਦੇ ਸਿਪਾਹੀਆਂ ਦੇ ਦਿਲਾਂ ਵਿੱਚ ਡਰ ਬੈਠ ਗਿਆ ਕਿ ਉਹ ਸਿਕੰਦਰ ਦੀ ਬੇਨਤੀ ਦੇ ਬਾਵਜੂਦ ਵੀ ਅਗਾਂਹ ਜਾਣ ਤੋਂ ਇਨਕਾਰੀ ਹੋ ਗਏ। ਪੰਜਾਬੀ ਸਰਦਾਰ ਪੋਰਸ ਦੀ ਬਹਾਦਰੀ ਤੇ ਪੰਜਾਬੀ ਲੋਕਾਂ ਦੀ ਦਲੇਰੀ ਨੇ ਸਿਕੰਦਰ ਦੇ ਹੱਲੇ ਦਾ ਅਸਰ ਬਾਕੀ ਭਾਰਤ ਉੱਤੇ ਹੀ ਫੈਲਣ ਨਾ ਪੈਣ ਦਿੱਤਾ। ਆਰ. ਕੇ. ਮੁਕਰਜੀ ਦੇ ਕਥਨ ਅਨੁਸਾਰ :-

ਸਿਕੰਦਰ ਦਾ ਹੱਲਾ ਇਕ ਧਾੜਾ ਤੇ ਤਮਾਸ਼ਾ ਬਿਨ ਕੁਝ ਵੀ ਨਹੀਂ ਜਾਪਦਾ ਅਤੇ ਸਿਕੰਦਰ ਇਸ ਇਲਾਕੇ ਤੇ ਅਮੀਰ ਦੇਸ਼ ਉੱਤੇ ਨਾ ਤਾਂ ਜਿੱਤਣ ਰਾਜ ਸਥਾਪਤ ਕਰ ਸਕਿਆ ਅਤੇ ਨਾ ਹੀ ਭਾਰਤੀ ਸੱਭਿਅਤਾ ਨੂੰ ਹੀ ਕੁਝ ਵਿਸ਼ੇਸ਼ ਤੌਰ ਤੇ ਪ੍ਰਭਾਵਿਤ ਕਰ ਸਕਿਆ।

Scanned with OKEN Scanner

ਚੰਦਰ ਗੁਪਤ ਮੌਰੀਆਂ ਨਾਲ ਮੌਰੀਆਂ ਵੰਸ਼ ਦਾ ਕਾਲ ਸ਼ੁਰੂ ਹੋਇਆ ਹੈ। ਇਸ ਵੰਸ਼ ਦਾ ਪ੍ਰਤਾਪੀ ਰਾਜਾ ਅਸ਼ੋਕ (੨੭੩-੨੩੨) ਇਸਦੇ ਇਤਿਹਾਸ ਵਿਚ ਆਪਣਾ ਵਿਲੱਖਣ ਸਥਾਨ ਰੱਖਦਾ ਹੈ। ਇਸ ਸਮੇਂ ਬੁੱਧ ਮੱਤ ਰਾਜ ਧਰਮ ਸੀ ਅਤੇ ਰਾਜਧਾਨੀ ਟੈਕਸਲਾ। ਚੀਨੀ ਯਾਤਰੂ ਫਾਹੀਯਾਨ ਅਨੁਸਾਰ ਮਹਾਤਮਾ ਬੁੱਧ ਦੇ ਸਰੀਰ ਦੇ ੮੪ ਅੰਗਾਂ ਦਾ ਸੰਸਕਾਰ ਪੰਜਾਬ ਵਿੱਚ ਹੀ ਕੀਤਾ ਗਿਆ ਹੈ। ਉਸ ਸਮੇਂ ਦੇ ਪੰਜਾਬ ਨੂੰ 'ਪਿਟ੍ਹ' ਕਿਹਾ ਜਾਂਦਾ ਸੀ। ਉਸ ਸਮੇਂ ਬੁੱਧ ਧਰਮ ਦੀਆਂ ਦੋਵੇਂ ਸੰਪਰਦਾਵਾਂ 'ਹੀਨ ਯਾਨ' ਤੇ 'ਮਹਾਂ ਯਾਨ' ਇੱਥੇ ਪੂਰੇ ਜ਼ੋਰਾਂ ਤੇ ਸਨ। ਬੁੱਧ ਕਾਲ ਵਿੱਚ ਪੰਜਾਬ ਦੀ ਸੱਭਿਅਤਾ ਟੈਕਸਲਾ ਵਿਦਿਆਪੀਠ ਕਾਰਨ ਵਧੇਰੇ ਹੋ ਰਹੀ ਸੀ। ਆਰ. ਕੇ. ਮੁਕਰਜੀ ਅਨੁਸਾਰ :-

ਟੈਕਸਲਾ ਉਹ ਯੂਨੀਵਰਸਿਟੀ ਸੀ, ਜਿੱਥੇ ਵਿਦਵਾਨ ਲੋਕ ਕੇਵਲ ਉਚੇਰੀ ਵਿੱਦਿਆ ਲੈਣ ਲਈ ਨਹੀਂ, ਸਗੋਂ ਪ੍ਰਾਪਤ ਕੀਤੇ ਹੋਏ ਗਿਆਨ ਨੂੰ ਹੋਰ ਵਧੇਰੇ ਪਰਪੱਕ ਤੇ ਸੰਪੂਰਨ ਕਰਨ ਲਈ ਆਇਆ ਕਰਦੇ ਸਨ। ਇਸ ਯੂਨੀਵਰਸਿਟੀ ਵਿੱਚ ਤਿੰਨ ਵੇਦਾਂ ਤੇ ਅਠਾਰਾਂ ਸ਼ਿਲਪਾਂ ਦੀ ਵਿੱਦਿਆ ਪੜ੍ਹਾਈ, ਸਿਖਾਈ ਜਾਂਦੀ ਸੀ।

ਸਤਵੀਂ ਸਦੀ ਤੱਕ ਪੰਜਾਬ ਨੇ ਇਤਿਹਾਸਕ ਪੱਖ ਤੋਂ ਬਹੁਤ ਸ਼ਾਹੀਆਂ ਪ੍ਰਾਪਤੀਆਂ ਕਰ ਲਈਆਂ ਸਨ। ਇਸੇ ਸਮੇਂ ਪ੍ਰਭਾਕਰ ਵਰਧਨ, ਅਤੇ ਉਸਦੇ ਪੁੱਤਰ ਹਰਸ਼ ਵਰਧਨ ਨੇ ਆਪਣੀ ਬਹਾਦਰੀ ਅਤੇ ਸੂਰਬੀਰਤਾ ਨਾਲ ਪੰਜਾਬੀ ਦਾ ਸਿਰ ਉੱਚਾ ਕੀਤਾ ਸੀ। ਰਾਜੇ ਪ੍ਰਭਾਕਰ ਵਰਧਨ ਨੇ ਹੀ ਭਾਰਤ ਨੂੰ ਹੂਣਾਂ ਵਰਗੇ ਵਿਦੇਸ਼ੀ ਧਾੜਵੀਆਂ ਤੋਂ ਬਚਾਇਆ ਸੀ। ਉਸ ਦਾ ਸਮਕਾਲੀ ਇਤਿਹਾਸਕਾਰ ਬਾਣ ਭੱਟ ਲਿਖਦਾ ਹੈ :-

ਪ੍ਰਭਾਕਰ ਵਰਧਨ ਹੂਣ ਧਾੜਵੀਆਂ ਲਈ ਸ਼ੇਰ, ਸਿੰਧ ਵਾਸੀ ਦੇ ਰਾਜਿਆਂ ਲਈ ਸਾੜਦਾਂ ਬੁਖਾਰ, ਗੁਜਰਾਤ

ਲਈ ਮੁਸੀਬਤ ਅਤੇ ਗੌਰਵ ਲਈ ਪ੍ਰੇਰਕ ਸੀ।

11ਵੀਂ ਸਦੀ ਦੇ ਸ਼ੁਰੂ ਵਿੱਚ, ਗਜ਼ਨੀ ਦੇ ਸੁਲਤਾਨ ਮਹਿਮੂਦ ਨੇ ਭਾਰਤ ਉੱਤੇ ਹਿੰਦੂ-ਸ਼ਾਹਾਂ ਤੇ ਵਿਦਿਅਕ ਸੰਸਥਾਵਾਂ ਨੂੰ ਤਬਾਹ ਕਰਨ ਤੇ ਧਨ, ਦੌਲਤ ਨੂੰ ਲੁੱਟਣ ਦੇ ਮੰਤਵ ਨਾਲ ਸਤਾਰਾਂ ਧਾਵੇ ਕੀਤੇ। ਮਹਿਮੂਦ ਗਜ਼ਨਵੀ ਦਾ ਮੁਕਾਬਲਾ ਜੈ ਪਾਲ ਤੇ ਅਨੰਦ ਪਾਲ ਨੇ ਸ਼ੇਰਾਂ ਵਾਂਗ ਡਟ ਕੇ ਕੀਤਾ ਤੇ ਉਸਨੇ ਇਥੇ ਪੈਰ ਨਾ ਜੰਮਣ ਦਿੱਤੇ। ਗੌਰੀ ਤੋਂ ਮਗਰੋਂ ਗੁਲਾਮ (1206-1288), ਖਿਲਜੀ (1288-1321), ਤੁਗਲਕ (1321-1413), ਸੱਯਦ (1414-1450) ਤੇ ਲੋਧੀ (1450-1526) ਆਦਿ ਪਠਾਣ ਪੰਜਾਬ ਉੱਤੇ ਕਾਬਜ਼ ਰਹੇ। ਤੈਮੂਰ ਅਤੇ ਚੰਗੇਜ਼ ਖਾਂ ਬਹੁਤ ਜ਼ਾਲਮ ਤੇ ਅੱਤਿਆਚਾਰੀ ਹੋਏ ਸਨ।

ਇਸੇ ਪੰਜਾਬ ਦੀ ਧਰਤੀ ਉੱਤੇ ਪਾਣੀਪਤ ਦੀਆਂ ਤਿੰਨ ਪ੍ਰਸਿੱਧ ਲੜਾਈਆਂ ਲੜੀਆਂ ਗਈਆਂ। ਜਿਨ੍ਹਾਂ ਨੇ ਪੰਜਾਬ ਦੇ ਇਤਿਹਾਸ ਨੂੰ ਡੂੰਘਾ ਪ੍ਰਭਾਵਿਤ ਕੀਤਾ ਹੈ। ਇਨ੍ਹਾਂ ਲੜਾਈਆਂ ਦੀ ਜਿੱਤ ਮਗਰੋਂ ਬਾਬਰ ਨੇ ਮੁਗ਼ਲ ਖ਼ਾਨਦਾਨ ਦੀ ਸਥਾਪਨਾ ਕੀਤੀ। ਮੁਗਲ ਕਾਲ ਦਾ ਸਭ ਤੋਂ ਉੱਤਮ ਸਮਾਂ ਅਕਬਰ ਦਾ ਰਾਜ ਸੀ ਅਤੇ ਸਭ ਤੋਂ ਬੁਰਾ ਔਰੰਗਜ਼ੇਬ ਦਾ। ਇਨ੍ਹਾਂ ਵਿੱਚ ਨਾਦਰਸ਼ਾਹ ਅਬਦਾਲੀ ਨੇ ਲਗਾਤਾਰ ਕਈ ਹਮਲੇ ਕਰਕੇ ਪੰਜਾਬ ਨੂੰ ਦੇ ਲੋਕਾਂ ਨੂੰ ਖੂਬ ਲੁੱਟਿਆ। ਉਸ ਦੀ ਲੁੱਟ ਮਾਰ ਕਰਕੇ ਪੰਜਾਬੀ ਲੋਕਾਂ ਵਿੱਚ ਮਸ਼ਹੂਰ ਹੋ ਗਿਆ ਸੀ:

ਖਾਧਾ ਪੀਤਾ ਲਾਹੇ ਦਾ
ਰਹਿੰਦਾ ਅਹਿਮਦ ਸ਼ਾਹੇ ਦਾ।

ਪੰਜਾਬ ਦੇ ਸੂਰਬੀਰ ਸਿੱਖਾਂ ਨੇ ਅਹਿਮਦਸ਼ਾਹ ਅਬਦਾਲੀ

ਨਾਲ ਲੋਹਾ ਲਿਆ ਤੇ ਉਸਨੇ ਸੂਰ ਤੋਕਈਂ ਰਾਜ ਦੇ ਕੇ ਭਾਰਤ ਦਾ ਇਤਿਹਾਸ ਹੀ ਬਦਲ ਦਿੱਤਾ।

ਮੁਗਲ ਰਾਜ ਦੀ ਸਥਾਪਨਾ ਦੇ ਨਾਲ ਹੀ ਪੰਜਾਬ ਵਿੱਚ ਇੱਕ ਨਵੀਂ ਕੌਮੀ ਲਹਿਰ ਉਭਰੀ ਜਿਸ ਨੇ ਇੱਥੋਂ ਦੇ ਅਧਿਆਤਮਕ ਤੇ ਸਮਾਜਕ ਜੀਵਨ ਵਿੱਚ ਨਵੀਂ ਰੂਹ ਫੂਕ ਦਿੱਤੀ। ਇਸ ਲਹਿਰ ਦੇ ਮੋਢੀ ਗੁਰੂ ਨਾਨਕ ਦੇਵ ਜੀ ਸਨ। ਜਿਨ੍ਹਾਂ ਦੇ ਸੱਚੇ ਸੁੱਚੇ ਵਿਚਾਰਾਂ ਨੇ ਲੋਕਾਂ ਵਿੱਚ ਨਵੀਂ ਚੇਤਨਾ ਦੀ ਚਿੰਗਾੜੀ ਸੁਲਗਾਈ। ਇਸ ਲਹਿਰ ਦੀ ਉੱਨਤ ਮੁਗ਼ਲ ਬਾਦਸ਼ਾਹ ਨੂੰ ਪਸੰਦ ਨਹੀਂ ਸੀ। ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਮਗਰੋਂ ਇਹ ਲਹਿਰ ਇਨਕਲਾਬੀ ਰੂਪ ਧਾਰਨ ਕਰ ਗਈ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤੋਂ ਮਗਰੋਂ ਇਸ ਲਹਿਰ ਦੀ ਕਰਵਟ ਬਦਲ ਗਈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖੰਡੇ ਦੀ ਪਾਹੁਲ ਛਕਾ ਕੇ ਲੋਕਾਂ ਸਿੱਖਾਂ ਅੰਦਰ ਬੀਰ ਭਾਵਨਾ ਦੀ ਜੋਤ ਜਗਾਈ। ਜਿਨ੍ਹਾਂ ਨੇ ਜੱਥੇਬੰਦ ਹੋ ਕੇ ਮੁਗਲ ਹਕੂਮਤ ਨਾਲ ਹਥਿਆਰਬੰਦ ਟੱਕਰ ਲਈ। ਗੁਰੂ ਸਾਹਿਬਾਨ ਦੀ ਜਾਗਰਤੀ ਦੀ ਲਹਿਰ ਨੇ ਪੰਜਾਬੀ ਲੋਕਾਂ ਵਿੱਚ ਜਿਤਨਾ ਜੋਸ਼ ਹੌਸਲਾ ਅਤੇ ਆਤਮ-ਵਿਸ਼ਵਾਸ ਪੈਦਾ ਕਰ ਦਿੱਤਾ ਕਿ ਉਹਨਾਂ ਨੇ ਮੁਗਲ ਰਾਜ, ਜਿਸ ਦੀਆਂ ਜੜ੍ਹਾਂ ਪਤਾਲ ਵਿੱਚ ਸਮਝੀਆਂ ਜਾਂਦੀਆਂ ਸਨ, ਪੁੱਟ ਕੇ ਸਾਰੇ ਪੰਜਾਬ ਵਿੱਚ ਦੁਹਾੜ ਮਾਰੀਆਂ ਤੇ ਛੋਟੇ-ਛੋਟੇ ਖੇਤਰਾਂ ਵਿੱਚ ਆਪਣਾ ਰਾਜ ਸਥਾਪਤ ਕਰ ਲਿਆ। ਇਹ ਸਿੱਖਾਂ ਦੀਆਂ ਛੋਟੀਆਂ ਛੋਟੀ ਮਿਸਲਾਂ ਸਨ। ਸ਼ੁਕਰਚੱਕੀਆ ਮਿਸਲ ਦੇ ਸਰਦਾਰ ਰਣਜੀਤ ਸਿੰਘ ਨੇ ਸਿੱਖਾਂ ਦੀ ਖਿੰਡਰੀ ਤੇ ਫੁੱਟੀ ਹੋਈ ਸ਼ਕਤੀ ਨੂੰ ਸਮੇਟ ਕੇ, ਸਤਲੁਜ ਤੋਂ ਅਟਕ ਤੱਕ ਸਾਰੇ ਪੰਜਾਬ ਉੱਤੇ ਸੰਗਠਿਤ ਰਾਜ ਸਥਾਪਤ ਕੀਤਾ। ਇਹ ਪੰਜਾਬੀਆਂ ਦਾ ਆਪਣਾ ਰਾਜ ਸੀ, ਜਿਸਦਾ ਉਹਨਾਂ ਨੂੰ ਸਦੀਆਂ ਦੀ ਜੱਦੋ-ਜਹਿਦ ਮਗਰੋਂ ਪ੍ਰਾਪਤ ਹੋਇਆ ਸੀ।

ਨਾਥ ਜੋਗੀ ਪਰੰਪਰਾ ਅਤੇ ਭਗਤੀ ਲਹਿਰ ਨੇ ਵੀ ਪੰਜਾਬੀ ਸਭਿਆਚਾਰ ਨੂੰ ਬਹੁਤ ਪ੍ਰਭਾਵਿਤ ਕੀਤਾ ਹੈ।

ਇਨ੍ਹਾਂ ਦੋਵੇਂ ਪਰੰਪਰਾਵਾਂ ਦਾ ਮੁੱਖ ਆਸ਼ਾ ਧਾਰਮਿਕ ਸੁਧਾਰ ਕਰਨਾ ਤੇ ਲੋਕਾਂ ਨੂੰ ਵੱਖ-ਵੱਖ ਢੰਗਾਂ ਨਾਲ ਈਸ਼ਵਰ ਦੀ ਭਗਤੀ ਵਿਚ ਵਿਸ਼ਵਾਸ ਕਰਵਾਉਣਾ ਸੀ। ਪਰੰਤੂ, ਇਨ੍ਹਾਂ ਵੱਲੋਂ ਸੀਮਤ ਸਰੂਪ ਕੁਝ ਸਮਾਜ ਸੁਧਾਰ ਦੇ ਕਾਰਜ ਵੀ ਕੀਤੇ ਗਏ। ਖ਼ਾਸ ਕਰਕੇ ਭਗਤੀ ਲਹਿਰ ਨੇ ਬਹੁਤ ਗਰਮਜੋਸ਼ੀ ਨਾਲ ਸਮਾਜ ਬੁਰਾਈਆਂ ਦਾ ਵਿਰੋਧ ਕੀਤਾ। ਭਗਤੀ ਲਹਿਰ ਦੇ ਸੰਤ ਸ੍ਰੀ ਰਾਮਾਨੰਦ ਤੇ ਵਲਭਆਚਾਰੀਆਂ ਗ੍ਰਹਿਸਥ ਨੂੰ ਮਹੱਤਵ ਦੇਂਦੇ ਸਨ ਤੇ ਛੂਤਛਾਤ ਤੇ ਊਚ-ਨੀਚ ਦੇ ਬੰਧਨਾਂ ਨੂੰ ਨਹੀਂ ਸਨ ਕਰਦੇ। ਰਾਮਾਨੰਦ ਜੀ ਦੇ ਚੇਲੇ ਅਛੂਤ ਜਾਤੀਆਂ ਵਿੱਚੋਂ ਹੀ ਸਨ। ਕਬੀਰ ਜੁਲਾਹਾ, ਨਾਮਦੇਵ ਛੀਂਬਾ, ਸਧਨਾ ਕਸਾਈ ਤੇ ਰਵਿਦਾਸ ਚਮਾਰ ਜਾਤੀ ਦੇ ਸਨ। ਪਹਿਲਾਂ ਪੰਜਾਬ ਵਿਚ ਲੋਗ ਜਾਤ-ਪਾਤ ਤੇ ਹੋਰ ਸਮਾਜਕ ਗਿਰਾਵਟਾਂ ਦੀ ਜੋ ਵਿਰੋਧਤਾ ਕਰਦੀ ਸੀ ਪਰ ਹੌਲੀ-ਹੌਲੀ ਇਸ ਨੇ ਹਿੰਦੂ ਸ੍ਰੇਣੀ ਦੇ ਵਿਰੁੱਧ ਪੀੜਤ ਜਾਤੀਆਂ ਦੇ ਵਿਦਰੋਹ ਦਾ ਰੂਪ ਧਾਰਨ ਕਰ ਲਿਆ ਸੀ।

1857 ਈ. ਦੇ ਅੰਦੋਲਨ ਤੋਂ ਬਾਅਦ ਭਾਰਤੀ ਇਤਿਹਾਸ ਦੀ ਸਭ ਤੋਂ ਪ੍ਰਸਿੱਧ ਘਟਨਾ ਕੂਕਿਆਂ ਦੀ ਲਹਿਰ ਹੈ। ਇਸ ਲਹਿਰ ਵਿੱਚ ਹੀ ਪੰਜਾਬੀ ਜੋਸ਼ ਸੁਧਾਰ ਵਾਂਗ ਚਮਕੇ ਤੇ ਗੋਰੇ ਸ਼ਾਸਕਾਂ ਦੇ ਲੋਕਾਂ ਦਾ ਜੀਣਾ ਔਖਾ ਕੀਤਾ। ਕੂਕਿਆਂ ਦੀ ਲਹਿਰ ਦਾ ਉਦੈ ਪੰਜਾਬ ਵਿਚ ਹੀ ਹੋਇਆ, ਜਿਸ ਦੇ ਮੋਢੀ ਇਕ ਅਦੁੱਤੀ ਸੰਤ ਸਿਪਾਹੀ ਬਾਬਾ ਰਾਮ ਸਿੰਘ ਜੀ ਨਾਮਧਾਰੀ ਸਨ। ਨਾਮਧਾਰੀਆਂ ਨੇ ਅੰਗਰੇਜ਼ੀ ਰਾਜ ਵਿਰੁੱਧ ਖੁੱਲ੍ਹੇ ਤੌਰ ਤੇ ਆਵਾਜ਼ ਉਠਾਈ, ਸਵਦੇਸ਼ੀ ਤੇ ਨਾ-ਮਿਲਵਰਤਣ ਦਾ ਅਸਲੀ ਬੀਜ ਬੀਜ ਅਤੇ ਅੰਗਰੇਜ਼ੀ ਕਚਹਿਰੀਆਂ, ਸੰਸਥਾਵਾਂ, ਰੇਲਵੇ, ਖੰਡੀ, ਪ੍ਰਚਾਰ, ਪਸ਼ਾਕ, ਤਾਰ, ਡਾਕ ਤੇ ਆਵਾਜਾਈ

ਦੇ ਸ਼ਾਸਨ ਦਾ ਪੂਰਾ ਬਾਈਕਾਟ ਕੀਤਾ। ਕਵਿਆਂ ਦੀ ਇਸ ਲਹਿਰ ਨੇ ਲੋਕ ਚੇਤਨਾ ਵਿਚ ਥਾਂ ਬਹੁਤ ਛੁਈ ਸੀ, ਇਸ ਗੱਲ ਦੀ ਪੁਸ਼ਟੀ ਹੇਠ ਦਿੱਤੀ ਲੋਕ-ਬੋਲੀ ਤੋਂ ਹੋ ਜਾਂਦੀ ਹੈ।

ਕਵਿਆ ਦਾ ਪੰਥ ਨਿਰਾਲਾ,
"ਅੰਗਰੇਜ਼ਾਂ ਦੀ ਈਨ ਨਾ ਮੰਨਦੇ,
ਸੀਸਿਆਂ ਦੇਣ ਨਾ ਟਾਲਾ।
ਗਲ ਫਰੰਗੀਆਂ ਦੇ, ਛੋਟ ਰੋਸ਼ ਦਾ ਛਾਲਾ।

ਜਦੋਂ ਦੱਖਣ ਵਿੱਚ ਬਾਲ ਗੰਗਾਧਰ ਤਿਲਕ, ਬੰਗਾਲ ਵਿੱਚ ਬਿਪਨ ਚੰਦਰਪਾਲ ਨੇ ਅੰਗਰੇਜ਼ੀ ਰਾਜ ਦੇ ਵਿਰੁੱਧ ਸੰਘਰਸ਼ ਛੇੜਾ ਹੋਇਆ ਸੀ ਤਾਂ ਪੰਜਾਬ ਦੇ ਲਾਲਾ ਲਾਜਪਤ ਰਾਏ ਵੀ ਪੰਜਾਬੀ ਰਵਾਇਤਾਂ ਦੀ ਪੂਰਤੀ ਕਰ ਰਹੇ ਸਨ। ਇਸੇ ਕਰਕੇ ਸੁਤੰਤਰਤਾ ਸੰਗਰਾਮ ਦੀ ਇਸ ਦੌਰ ਦੀ ਲਹਿਰ ਸਮੇਂ ਬਾਲ ਪਾਲ ਤੇ ਲਾਲ ਦਾ ਨਾਂ ਬੱਚੇ ਬੱਚੇ ਦੀ ਜ਼ੁਬਾਨ ਤੇ ਸੀ। ਲਾਲਾ ਲਾਜਪਤ ਰਾਏ ਤੇ ਸਰਦਾਰ ਅਜੀਤ ਸਿੰਘ ਨੇ ਪਿੰਡ ਪਿੰਡ ਫਿਰ ਕੇ ਥਾਂਵੇਂ ਵਿਖਿਆਨ ਦੀ ਕੋਸ਼ਿਸ਼ ਕੀਤਾ ਗਈਂ ਲੋਕਾਂ ਨੂੰ ਉਭਾਰਿਆ ਸੀ:-

ਪਗੜੀ ਸੰਭਾਲ ਜੱਟਾ, ਪਗੜੀ ਸੰਭਾਲ ਓਏ
ਲੁੱਟ ਲਿਆ ਮਾਲ ਤੇਰਾ, ਕੀਤਾ ਕੰਗਾਲ ਓਏ।

ਬਹੁਤ ਸਾਰੇ ਅਜ਼ਾਦ ਖ਼ਿਆਲ ਪੰਜਾਬੀਆਂ ਨੇ ਸਰਕਾਇਆ, ਕੈਨੇਡਾ ਤੇ ਅਮਰੀਕਾ ਆਦਿ ਵਿਦੇਸ਼ਾਂ ਵਿੱਚ ਜਾ ਕੇ ਵੱਖ-ਵੱਖ ਸਭਾਵਾਂ ਬਣਾਈਆਂ। ਜਿਨ੍ਹਾਂ ਵਿੱਚ 'ਹਿੰਦੁਸਤਾਨ ਗਦਰ ਪਾਰਟੀ' ਪ੍ਰਸਿੱਧ ਦਾ ਨਾਂ ਹੈ, ਜਿਸ ਨੇ 'ਗਦਰ ਗੂੰਜ' ਨਾਂ ਦਾ ਅਖ਼ਬਾਰ ਵੀ ਚਲਾਇਆ ਸੀ। ਬਾਬਾ ਸੋਹਣ ਸਿੰਘ ਭਕਨਾ, ਬਾਬਾ ਗੁਰਦਿੱਤ ਸਿੰਘ, ਬਾਬਾ ਗਿਆਨ ਸਿੰਘ ਵਰਗੇ ਅਨੇਕ ਦੇਸ਼ ਭਗਤ ਇਸੇ

Scanned with OKEN Scanner

ਪਗੜੀ ਦੀ ਪੈਦਾਵਾਰ ਹਨ। ਗ਼ਦਰੀ ਬਾਗੀਆਂ ਦਾ ਸ਼ੇਰ ਕਰਤਾਰ ਸਰਾਭਾ ਗਦਿਸਕੇ ਸੀ ਤੇ ਜਿਹਨਾਂ ਦਾ ਉਦੇਸ਼ ਵਿਦੇਸ਼ੀ ਰਾਜ ਦਾ ਖ਼ਾਤਮਾ ਕਰਨਾ ਸੀ। ਉਸ ਸਮੇਂ ਦੇ 'ਗ਼ਦਰ ਗੂੰਜ' ਵਿੱਚ ਅਕਸਰ ਇਹ ਪੰਕਤੀ ਗੂੰਜਦੀ ਸੀ

ਗ਼ਦਰ ਪਾਰਟੀ ਲੇਖਾ ਲੈਂਦਾ, ਕੌਮ ਨਹੀਂ ਵੇਚੀ ਜੇਹੀਆਂ
ਰੱਖ ਸਿਰ ਸਾਡੇ ਕਰੋ ਖ਼ਾਤਮਾ, ਕੌਮ ਫਰੰਗੀ ਜੇਹੀ ਦਾ।

ਚਾਚਾ ਗੁਰਦਿੱਤ ਸਿੰਘ ਦੇ ਕਾਮਾਗਾਟਾ ਮਾਰੂ ਦਾ ਸਾਕਾ ਤੇ ਬਜਬਜ ਘਾਟ ਦੀ ਤਿਰਦੇ ਵੇਖਕੇ ਖੜਨਾ ਕੇ ਪੰਜਾਬੀ ਖੂਨ ਨੂੰ ਵੰਗਾਰਿਆਂ। ਇਕ ਪੰਜਾਬੀ ਕੌਮ ਦਾ ਨਾਅਰਾ ਸੀ, "ਜਿੱਥੇ ਬਾਜ਼ ਜਾਂਗੇ ਉੱਥੇ ਕੌਮ ਜਾਂਗੇ" ਥਾਂ-ਥਾਂ ਜਲਸੇ ਤੇ ਅੰਗਰੇਜ਼ ਰਾਜ ਦਾ ਵਿਰੋਧ ਵਿਖਾਵੇ ਸ਼ੁਰੂ ਹੋ ਗਏ। 13 ਅਪ੍ਰੈਲ 1919 ਦੀ ਖ਼ੂਨੀ ਵਿਸਾਖੀ ਅਤੇ ਜਲਿਆਂ ਵਾਲਾ ਬਾਗ਼ ਦੀ ਖ਼ੂਨੀ ਦਾਸਤਾਨ, ਪੰਜਾਬੀ ਲੋਕਾਂ ਦੇ ਜੋਸ਼ ਨੂੰ ਮੱਠਾ ਨਾ ਕਰ ਸਕੀ। ਗੁਰੂ ਕੇ ਬਾਗ਼ ਦਾ ਸਾਕਾ, ਨਨਕਾਣਾ ਸਾਹਿਬ ਤੇ ਜੈਤੋ ਦੇ ਮੋਰਚੇ ਪੰਜਾਬੀ ਲੋਕਾਂ ਦੀ ਅਣਖ, ਅਤੇ ਸਵੈਮਾਣ ਨਾਲ ਜੀਵਿਣ ਦੀ ਖ਼ਾਹਿਸ਼ ਰਖਦੇ ਵਿੱਚ ਪ੍ਰਤੀਕਾਤਮ ਦੇ ਸਾਕੇ ਹਨ। ਗੋਰੇ ਅਫ਼ਸਰ ਦਾ ਕਤਲ ਕਰਕੇ ਲਾਲਾ ਜੀ ਦੀ ਮੌਤ ਦਾ ਬਦਲਾ ਲੈਣ ਵਾਲੇ ਸ਼ਹੀਦ ਭਗਤ ਸਿੰਘ, ਜਲ੍ਹਿਆਂ ਵਾਲੇ ਬਾਗ਼ ਦੇ ਹੱਤਿਆਕਾਂਡ ਦਾ ਬਦਲਾ ਲੈਣ ਵਾਲੇ ਊਧਮ ਸਿੰਘ, ਅਜ਼ਾਦ ਹਿੰਦ ਫ਼ੌਜ ਦੇ ਪ੍ਰਸਿੱਧ ਯੋਧੇ ਜਰਨੈਲ ਮੋਹਨ ਸਿੰਘ, ਸ਼ੇਰ ਕੁਮਾਰ ਮੰਗਲ, ਸਾਗ ਜਹਾਜ਼, ਨਿਰੰਜਨ ਸਿੰਘ ਗਿੱਲ ਆਦਿ ਇਸ ਪੰਜਾਬ ਦੇ ਸਪੂਤ ਹਨ ਜਿਨ੍ਹਾਂ ਨੇ ਆਪਣੇ ਦੇਸ਼ ਦੇ ਟਰਕੇ ਕਰਦਾ ਕੇ ਅਤੇ ਆਪਣੇ ਅਨੇਕਾਂ ਬਾਜ਼ਿਆਂ ਦੀਆਂ ਆਹੂਤੀਆਂ ਪਾ ਕੇ ਹਿੰਦੁਸਤਾਨ ਨੂੰ ਅਜ਼ਾਦ ਕਰਵਾਇਆ ਹੈ।

Scanned with OKEN Scanner

ਆਧੁਨਿਕ ਪੰਜਾਬ ਵਿੱਚ ਰੇਲਾਂ, ਸੜਕਾਂ, ਨਹਿਰਾਂ ਅਤੇ ਵਿਦਿਅਕ ਸੰਸਥਾਵਾਂ ਦਾ ਜਾਲ ਵਿਛਿਆ ਹੋਇਆ ਹੈ। ਖੇਤੀ ਖੇਤਰ ਉੱਨਤੀ ਹੈਰਾਨ ਕਰ ਦੇਣ ਵਾਲੀ ਹੈ। ਲੋਕ ਮਹਿਮਾਨ ਨਵਾਜ਼ ਹੁੰਦੇ ਹਨ। ਪੰਜਾਬ ਦੇ ਕਿਸਾਨਾਂ ਨੇ ਹਰੀ ਕ੍ਰਾਂਤੀ ਲਿਆ ਕੇ ਦੁਨੀਆਂ ਦੀਆਂ ਦੂਜੀਆਂ ਤਾਕਤਾਂ ਨੂੰ ਹੈਰਾਨ ਕਰ ਦਿੱਤਾ ਹੈ। ਕਾਰ-ਵਿਹਾਰ ਦੇ ਨਵੇਂ ਸੋਮੇ ਸਾਧਨਾਂ ਕਾਰਨ ਪੰਜਾਬ ਦਾ ਹਰ ਪਰਿਵਾਰ ਆਪਣੇ ਆਪ ਨੂੰ ਹਰ ਖੇਤਰ ਵਿੱਚ ਉੱਚੇ ਪੱਧਰ ਤੇ ਪਹੁੰਚਿਆ ਦੇਖਦਾ ਹੈ। ਸੰਸਾਰ ਭਰ ਵਿੱਚ ਇਸ ਦੀ ਬਹਾਦਰੀ ਤੇ ਸਿਹਤਮੰਦ ਹੋਣ ਦੇ ਚਰਚੇ ਹੁੰਦੇ ਹਨ, ਜੇ ਨਵੇਂ ਪੱਧਰ ਦੀ ਉਚਾਈ ਤੇ ਪਾਰਟੀਆਂ ਸਿਆਸਤ ਅਤੇ ਸਿਆਸੀ ਚਾਲਾਂ ਅਤੇ ਮਤਭੇਦ, ਧਰਮ ਦੇ ਘਾਤਕ ਦਾਅ ਪੇਚਾਂ ਤੋਂ ਪੰਜਾਬ ਦੇ ਲੋਕਾਂ ਨੂੰ ਬਚਾਇਆ ਜਾ ਸਕੇ ਤਾਂ ਵਿਸ਼ਵ-ਇਤਿਹਾਸ ਅੰਦਰ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਕੋਈ ਸਾਨੀ ਨਹੀਂ ਹੈ।